**ਕਿਰਪਾ ਕਰ ਕੇ ਯੂਰੋਲੋਜੀ ਕਲੀਨਿਕ ਨੂੰ 604-875-2734 ਜਾਂ ਯੂਰੋਲੋਜੀ ਨਰਸ ਕਲੀਨਿਕਸੀਅਨ ਨੂੰ 604-875-2889 ਤੇ ਫ਼ੋਨ ਕਰੋ ਜੇ:**

- ਤੁਹਾਡੇ ਬੱਚੇ ਨੂੰ ਬੁਖ਼ਾਰ ਹੈ,
- ਲਿੰਗ ਦੀ ਦਰਦ ਘਟਣ ਦੀ ਬਜਾਏ ਵਧ ਰਹੀ ਹੈ,
- ਤੁਹਾਨੂੰ ਮੁਆਦ ਜਾਂ ਇਨਫੈਕਸ਼ਨ ਨਜ਼ਰ ਆਉਂਦੀ ਹੈ,
- ਤੁਹਾਨੂੰ ਜ਼ਿਆਦਾ ਲਾਲੀ ਅਤੇ ਸੋਜ਼ਸ਼ ਜਾਂ ਦੋਵੇਂ ਪੂਰੇ ਲਿੰਗ ਅਤੇ ਅੰਡਕੋਸ਼ ਤੱਕ ਫੈਲ ਰਹੀਆਂ ਨਜ਼ਰ ਆਉਂਦੀਆਂ ਹਨ,
- ਲਿੰਗ ਤੇ 2 ਮਿੰਟਾਂ ਤੋਂ ਜ਼ਿਆਦਾ ਸਮਾਂ ਉਂਗਲੀ ਅਤੇ ਅੰਗੂਠੇ ਨਾਲ ਦਬਾਉਣ ਦੇ ਬਾਵਜੂਦ ਲਿੰਗ ਵਿਚੋਂ ਖ਼ੂਨ ਨਿਕਲ ਰਿਹਾ ਹੈ। ਜੇ ਤੁਸੀਂ ਆਪਣੇ ਡਾਕਟਰ ਨੂੰ ਸੰਪਰਕ ਨਹੀਂ ਕਰ ਸਕਦੇ ਤਾਂ ਐਮਰਜੈਂਸੀ ਵਿਭਾਗ ਵਿਚ ਜਾਓ। ਕਿਸੇ ਹੋਰ ਨੂੰ ਕਹੋ ਕਿ ਕਾਰ ਚਲਾਏ ਤਾਂ ਕਿ ਤੁਸੀਂ ਹਸਪਤਾਲ ਜਾਣ ਤੱਕ ਲਿੰਗ ਉੱਤੇ ਦਬਾਅ ਬਣਾਈ ਰੱਖੋ।

**ਸਲਾਹ ਲੈਣਾ ਅੱਛਾ ਹੈ!**

**ਨੋਟ:**

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

____________________________________________

(ਯੂਰੋਲੋਜੀ ਵਿਭਾਗ ਦੇ ਸਿਹਤ ਸੰਭਾਲ ਕਰਨ ਵਾਲੇ ਪੇਸ਼ਾਵਰਾਂ ਵੱਲੋਂ ਡਿਪਾਰਟਮੈਂਟ ਆਫ਼ ਲਰਨਿੰਗ ਅਤੇ ਡਿਵੈਲਪਮੈਂਟ ਦੀ ਮਦਦ ਨਾਲ ਵਿਕਸਤ ਕੀਤਾ ਗਿਆ)

(BCCH1022 ©2010 BC ਬੱਚਿਆਂ ਦਾ ਹਸਪਤਾਲ)

# ਸੁੰਨਤ ਤੋਂ ਬਾਅਦ

# After a Circumcision

BC CHILDREN'S HOSPITAL™

**ਸੁੰਨਤ ਤੋਂ ਬਾਅਦ**

ਬੀ.ਸੀ. ਬੱਚਿਆਂ ਦਾ ਹਸਪਤਾਲ ਸੂਬਾਈ ਹੈਲਥ ਸਰਵਿਸਿਜ਼ ਅਥਾਰਿਟੀ ਦੀ ਏਜੈਂਸੀ

4480 Oak Street, Vancouver BC, V6H 3V4

604-875-2345 OR 1-888-300-3088

www.bcchildrens.ca

## ਸੁੰਨਤ ਤੋਂ ਬਾਅਦ ਤੁਹਾਡਾ ਬੱਚੇ ਨੂੰ:

- ★ ਕੁੱਝ ਤਕਲੀਫ਼ ਮਹਿਸੂਸ ਹੋਵੇਗੀ ਅਤੇ ਉਸ ਨੂੰ ਜ਼ਿਆਦਾ ਪਿਆਰ ਦੀ ਲੋੜ ਹੋਵੇਗੀ।
- ★ ਡੇਕੇਅਰ ਵਿਭਾਗ ਦੀ ਨਰਸ ਵੱਲੋਂ ਸਰਜਰੀ ਦੀ ਦਰਦ ਤੋਂ ਰਾਹਤ ਲਈ ਕੋਈ ਦਵਾਈ ਦਿੱਤੀ ਜਾਏਗੀ ਜਿਵੇਂ ਕਿ: ਐਸੀਟਾਮੀਨੋਫੇਨ (ਟੈਲੀਨੋਲ)। ਤੁਹਾਨੂੰ ਦੱਸਿਆ ਜਾਏਗਾ ਕਿ ਤੁਹਾਡਾ ਬੱਚਾ ਸਰਜਰੀ ਤੋਂ ਬਾਅਦ ਕੀ ਖਾ ਪੀ ਸਕਦਾ ਹੈ।
- ★ ਜ਼ਿਆਦਾ ਸੰਭਾਵਨਾ ਹੈ ਕਿ ਸਰਜਰੀ ਤੋਂ ਇੱਕ ਦਿਨ ਬਾਅਦ ਉਹ ਨਾਰਮਲ ਖਾਣਾ ਲੈਣਾ ਸ਼ੁਰੂ ਕਰੇਗਾ।
- ★ ਜ਼ਿਆਦਾ ਤਰਲ ਪੀਵੇ ਤਾਂ ਕਿ ਪਿਸ਼ਾਬ ਜ਼ਿਆਦਾ ਅਤੇ ਪਤਲਾ ਹੋਵੇ।
- ★ ਸੁੰਨਤ ਤੋਂ ਬਾਅਦ ਪਿਸ਼ਾਬ ਕਰ ਸਕੇਗਾ, ਦਰਦ ਦੇ ਡਰ ਕਾਰਨ ਹੋ ਸਕਦਾ ਹੈ ਕਿ ਪਿਸ਼ਾਬ ਕਰਨ ਤੋਂ ਡਰੇ। ਬੱਚੇ ਨੂੰ ਗਰਮ ਪਾਣੀ ਵਿਚ ਬੈਠਾਓ ਅਤੇ ਪਾਣੀ ਵਿਚ ਪਿਸ਼ਾਬ ਕਰਨ ਦਿਓ, ਇਹ ਉਸ ਨੂੰ ਜ਼ਿਆਦਾ ਆਰਾਮਦੇਹ ਲੱਗੇਗਾ।

## ਪੱਟੀ ਕਰਨੀ

ਡਾਕਟਰ ਲਿੰਗ ਦੇ ਦੁਆਲੇ ਪੱਟੀ ਕਰ ਸਕਦਾ ਹੈ। ਪੱਟੀ ਖ਼ੂਨ ਨੂੰ ਕੰਟਰੋਲ ਕਰਨ ਵਿਚ ਮਦਦ ਕਰਦੀ ਹੈ। ਪੱਟੀ ਕਰਨ ਨਾਲ ਜ਼ਖ਼ਮ ਕੱਛੇ ਜਾਂ ਡਾਇਪਰ ਨਾਲ ਨਹੀਂ ਚਿਪਕੇਗਾ। ਪੱਟੀ ਨੂੰ 24-48 ਘੰਟਿਆਂ ਲਈ ਰਹਿਣ ਦਿਓ ਅਤੇ ਫਿਰ ਉਤਾਰ ਦਿਓ। ਪੱਟੀ ਨੂੰ ਉਤਾਰਨ ਤੋਂ ਪਹਿਲਾਂ ਕੋਸੇ ਪਾਣੀ ਨਾਲ ਗਿੱਲਾ ਕਰ ਲਵੋ। ਜੇ ਲਿੰਗ ਤੋਂ ਖ਼ੂਨ ਨਿਕਲੇ ਤਾਂ ਸਾਫ਼ ਕੱਪੜੇ ਜਾਂ ਪੱਟੀ ਨਾਲ ਉਸ ਨੂੰ ਢੱਕ ਦਿਓ। ਆਪਣੇ ਅੰਗੂਠੇ ਅਤੇ ਉਂਗਲੀ ਨਾਲ ਦਬਾਓ ਜਦ ਤੱਕ ਖ਼ੂਨ ਬੰਦ ਨਾ ਹੋ ਜਾਏ। ਨਾਲ ਦਬਾਓ ਜਦ ਤੱਕ ਖ਼ੂਨ ਬੰਦ ਨਾ ਹੋ ਜਾਏ।

## ਪੱਟੀ ਨੂੰ ਉਤਾਰਨ ਤੋਂ ਬਾਅਦ

2 ਤੋਂ 3 ਦਿਨਾਂ ਲਈ ਲਿੰਗ ਦੇ ਸਿਰੇ ਤੇ ਸਫ਼ੇਦ/ਪੀਲਾ ਜਿਹਾ ਤੱਤ ਤੁਹਾਨੂੰ ਨਜ਼ਰ ਆਵੇਗਾ। ਇਸ ਨੂੰ ਨਾ ਹਟਾਓ। ਇਹ ਜ਼ਖ਼ਮ ਠੀਕ ਹੋਣ ਦੀ ਨਿਸ਼ਾਨੀ ਹੈ। ਜਦੋਂ ਡਾਕਟਰ ਸੁੰਨਤ ਕਰਦਾ ਹੈ ਤਾਂ ਉਹ ਲਿੰਗ ਦੇ ਮੁੱਢ ਵਿਚ ਲੋਕਲ ਅਨੱਸਥੀਸੀਆ ਦੇ ਦਿੰਦਾ ਹੈ।

ਇਸ ਕਾਰਨ ਲਿੰਗ ਅਤੇ ਅੰਡਕੋਸ਼ ਵਿਚ ਦਰਦ ਅਤੇ ਸੋਜ਼ਸ਼ ਹੋ ਸਕਦੀ ਹੈ। ਇਹ ਆਪਣੇ ਆਪ ਠੀਕ ਹੋ ਜਾਂਦੀ ਹੈ। ਸੁੰਨਤ ਤੋਂ ਬਾਅਦ ਚਮੜੀ ਦੀ ਅੰਦਰਲੀ ਸਤਹਿ ਲਿੰਗ ਦੇ ਸਿਰੇ ਦੇ ਮੁੱਢ ਵਿਚ ਸੁੱਜ ਸਕਦੀ ਹੈ। ਇਹ ਨਾਰਮਲ ਹੈ।

## ਸਫ਼ਾਈ ਰੱਖਣੀ ਅਤੇ ਨਹਾਉਣਾ

- ★ ਪੱਟੀ ਹਟਾਉਣ ਤੋਂ ਬਾਅਦ ਲਿੰਗ ਨੂੰ ਕੋਸੇ ਪਾਣੀ ਨਾਲ ਧੋਵੋ ਅਤੇ ਕੱਪੜੇ ਨਾਲ ਸੁਕਾ ਲਵੋ। ਡਾਇਪਰ ਬਦਲਣ ਸਮੇਂ ਸੈਂਟ ਰਹਿਤ ਵਾਈਪ/ਕੱਪੜੇ ਦੀ ਵਰਤੋਂ ਕਰ ਸਕਦੇ ਹੋ।
- ★ ਜ਼ਖ਼ਮ ਵਾਲੀ ਥਾਂ ਸਾਫ਼ ਰੱਖਣ ਲਈ ਤੁਸੀਂ ਅਗਲੇ ਕੁੱਝ ਹਫ਼ਤੇ ਬੱਚੇ ਦੀ ਦਿਨ ਵਿਚ ਕਈ ਵਾਰ ਪਾਣੀ ਨਾਲ ਸਫ਼ਾਈ ਕਰ ਸਕਦੇ ਹੋ। ਗਰਮ ਪਾਣੀ ਵਰਤੋ। ਸਾਬਣ ਨਾ ਵਰਤੋ।
- ★ ਨਹਾਉਣ ਅਤੇ ਡਾਇਪਰ ਬਦਲਣ ਤੋਂ ਬਾਅਦ ਹਰ ਵਾਰ ਪੌਲੀਸਪੋਰੀਨ (Polysporin) ਮਲ੍ਹਮ ਲਿੰਗ ਤੇ ਲਗਾਓ ਅਤੇ ਸੁਨਿਸ਼ਚਿਤ ਕਰੋ ਕਿ ਟਾਂਕੇ ਢਕੇ ਗਏ ਹਨ। ਇਸ ਨਾਲ ਲਿੰਗ ਡਾਇਪਰ ਜਾਂ ਕੱਪੜਿਆਂ ਨਾਲ ਨਹੀਂ ਚਿਪਕੇਗਾ। ਆਪਣੇ ਬੇਟੇ ਦਾ ਡਾਇਪਰ ਜਲਦੀ ਜਲਦੀ ਬਦਲਣਾ ਸੁਨਿਸ਼ਚਿਤ ਕਰੋ ਜਦ ਤੱਕ ਸੁੰਨਤ ਦਾ ਜ਼ਖ਼ਮ ਠੀਕ ਨਹੀਂ ਹੋ ਜਾਂਦਾ।

## ਵੱਡੇ ਲੜਕਿਆਂ ਲਈ:

ਬੱਚੇ ਨੂੰ ਖੁੱਲ੍ਹੇ ਕੱਛੇ ਅਤੇ ਪੈਂਟਾਂ ਪਾਉਣ ਲਈ ਉਤਸ਼ਾਹਿਤ ਕਰੋ। ਤੁਸੀਂ ਪੌਲੀਸਪੋਰੀਨ (Polysporin) ਮਲ੍ਹਮ ਲਗਾਤਾਰ ਬੱਚੇ ਦੇ ਲਿੰਗ ਤੇ ਲਗਾਉਂਦੇ ਰਹੋ ਤਾਂ ਕਿ ਲਿੰਗ ਉਸ ਦੇ ਕੱਪੜਿਆਂ ਨਾਲ ਨਾ ਚਿਪਕੇ।

***ਕਿਰਪਾ ਕਰ ਕੇ ਨੋਟ ਕਰੋ:***
*ਸਰਜਰੀ ਤੋਂ ਕੁੱਝ ਹਫ਼ਤੇ ਬਾਅਦ ਇਹ ਸੁਨਿਸ਼ਚਿਤ ਕਰੋ ਕਿ ਚਮੜੀ ਲਿੰਗ ਦੇ ਸਿਰੇ ਦੇ ਪਿੱਛੇ ਤੱਕ ਜਾ ਸਕਦੀ ਹੈ। ਇਸ ਸਿਰੇ ਨੂੰ ਗਲੈਨ ਵੀ ਕਹਿੰਦੇ ਹਨ। ਕਈ ਵਾਰ ਚਮੜੀ ਪਿੱਛੇ ਜਾਣ ਤੋਂ ਪਹਿਲਾਂ ਹੀ ਅਟਕ/ਚਿਪਕ ਜਾਂਦੀ ਹੈ। ਜੇ ਚਮੜੀ ਸਿਰੇ ਤੇ ਹੀ ਅਟਕ/ਚਿਪਕ ਜਾਂਦੀ ਹੈ ਤਾਂ ਤੁਹਾਡੇ ਬੇਟੇ ਨੂੰ ਬਾਅਦ ਵਿਚ ਇੱਕ ਹੋਰ ਸਰਜਰੀ ਦੀ ਲੋੜ ਹੋਵੇਗੀ। ਤੁਸੀਂ ਆਪਣੇ ਅੰਗੂਠੇ ਅਤੇ ਉਂਗਲੀ ਦੀ ਮਦਦ ਨਾਲ ਲਿੰਗ ਦੇ ਸਿਰੇ ਨੂੰ ਥੋੜ੍ਹਾ ਦਬਾਓ ਤਾਂ ਕਿ ਸਿਰਾ ਚਮੜੀ ਤੋਂ "ਬਾਹਰ ਆ ਜਾਏ" । ਮੋਟੇ ਬੱਚਿਆਂ ਵਿਚ ਲਿੰਗ ਆਲੇ ਦੁਆਲੇ ਦੀਆਂ ਮੋਟੀਆਂ ਪਰਤਾਂ ਵਿਚ ਹੀ "ਛੁੱਪ" ਜਿਹਾ ਜਾਂਦਾ ਹੈ।*

## ਵੱਡੇ ਬੱਚਿਆਂ ਲਈ ਸਰਗਰਮੀਆਂ

ਸਰਜਰੀ ਵਾਲੇ ਦਿਨ ਆਪਣੇ ਬੇਟੇ ਨੂੰ ਆਰਾਮ ਕਰਨ ਅਤੇ ਆਰਾਮ ਵਾਲੀਆਂ ਖੇਡਾਂ ਖੇਡਣ ਨੂੰ ਉਤਸ਼ਾਹਿਤ ਕਰੋ। ਅਗਲੇ ਇੱਕ ਦੋ ਦਿਨ ਨੱਚਣ ਟੱਪਣ ਜਾਂ ਖਿਡਾਉਣਿਆਂ ਤੇ ਸਵਾਰੀ ਕਰਨ ਤੋਂ ਰੋਕੋ।

ਆਮ ਤੌਰ ਤੇ 5 ਦਿਨਾਂ ਬਾਅਦ ਬੱਚਾ ਸਕੂਲ ਜਾਂ ਡੇਕੇਅਰ ਜਾ ਸਕਦਾ ਹੈ। ਪਰ ਉਸ ਨੂੰ ਸੰਗਠਿਤ ਖੇਡਾਂ ਵਿਚ 4 ਹਫ਼ਤਿਆਂ ਲਈ ਹਿੱਸਾ ਨਹੀਂ ਲੈਣਾ ਚਾਹੀਦਾ।

ਉਹ ਪਬਲਿਕ ਪੂਲ ਵਿਚ ਇੱਕ ਹਫ਼ਤੇ ਬਾਅਦ ਤਰਨ ਲਈ ਜਾ ਸਕਦਾ ਹੈ।